# ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੀ ਸੂਚਨਾ ਦੇਣੀ

www.ibac.vic.gov.au

**ਕੀ ਤੁਸੀਂ ਆਪਣੀ ਅੱਖੀ ਭ੍ਰਿਸ਼ਟਾਚਾਰ ਹੁੰਦਾ ਵੇਖਿਆ ਹੈ? ਕੀ ਤੁਹਾਨੂੰ ਕੋਈ ਸ਼ੱਕ ਹੈ? ਤੁਹਾਡੀ ਜਾਣਕਾਰੀ ਨਾਲ ਇਸ ਗੱਲ ਦਾ ਪਰਦਾਫਾਸ਼ ਕਰਨ ਵਿੱਚ ਮਦਦ ਮਿਲ ਸਕਦੀ ਹੈ ਕਿ ਸਰਕਾਰੀ ਖੇਤਰ ਵਿੱਚ ਭ੍ਰਿਸ਼ਟਾਚਾਰ ਜਾਂ ਪੁਲਿਸ ਵਲੋਂ ਕੀਤਾ ਦੁਰਾਚਾਰ ਕਿਵੇਂ ਸਰਕਾਰੀ ਧਨਰਾਸ਼ੀ ਬਰਬਾਦ ਕਰ ਰਿਹਾ ਹੈ ਅਤੇ ਵਿਕਟੋਰੀਆਈ ਲੋਕਾਂ ਨੂੰ ਨੁਕਸਾਨ ਪੁੱਜਾ ਰਿਹਾ ਹੈ। ਮਹੱਤਵਪੂਰਨ ਤੌਰ 'ਤੇ, ਤੁਹਾਡੀ ਸ਼ਿਕਾਇਤ ਨਾਲ ਹਰ ਕਿਸੇ ਨੂੰ ਭਵਿੱਖ ਵਿੱਚ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਨੂੰ ਰੋਕਣ ਲਈ ਬਹੁਮੁੱਲੇ ਸਬਕ ਸਿੱਖਣ ਵਿੱਚ ਮਦਦ ਮਿਲ ਸਕਦੀ ਹੈ।**

## ਤੁਸੀਂ IBAC ਨੂੰ ਕੀ ਸੂਚਨਾ ਦੇ ਸਕਦੇ ਹੋ?

### 1 ਕਿਸੇ ਸਰਕਾਰੀ ਖੇਤਰ ਦੀ ਸੰਸਥਾ ਜਾਂ ਇਸਦੇ ਮੁਲਾਜ਼ਮ ਵਲੋਂ ਕੀਤਾ ਗਿਆ ਭ੍ਰਿਸ਼ਟਾਚਾਰ

ਕਿਸੇ ਵਿਅਕਤੀ ਦੁਆਰਾ ਧੋਖਾਧੜੀ ਕਰਨਾ, ਰਿਸ਼ਵਤ ਲੈਣੀ ਜਾਂ ਇਸਨੂੰ ਦੇਣ ਦੀ ਪੇਸ਼ਕਸ਼ ਕਰਨੀ, ਦੋਸਤਾਂ ਜਾਂ ਪਰਿਵਾਰ ਨੂੰ ਠੇਕੇ ਦੇਣੇ, ਅਤੇ ਨਿਜੀ ਲਾਭਾਂ ਲਈ ਖਾਸ ਅਧਿਕਾਰ-ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਨੀ ਜਾਂ ਇਸਦਾ ਖੁਲਾਸਾ ਕਰਨਾ, ਭ੍ਰਿਸ਼ਟਾਚਾਰ ਹੋ ਸਕਦਾ ਹੈ।

ਤੁਸੀਂ ਹੇਠਾਂ ਬਾਰੇ IBAC ਨੂੰ ਸ਼ਿਕਾਇਤ ਕਰ ਸਕਦੇ ਹੋ:

- ਰਾਜ ਸਰਕਾਰ ਦੇ ਮੁਲਾਜ਼ਮਾਂ ਬਾਰੇ (ਵਿਭਾਗਾਂ, ਏਜੰਸੀਆਂ, ਸਰਕਾਰੀ ਹਸਪਤਾਲਾਂ, ਸਰਕਾਰੀ ਸਕੂਲਾਂ, ਯੂਨੀਵਰਸਿਟੀਆਂ ਅਤੇ 'TAFEs ਤੇ)
- ਵਿਕਟੋਰੀਆ ਪੁਲਿਸ ਦੇ ਅਫਸਰ, ਭਰਤੀ ਹੋਰ ਲੋਕ, ਪ੍ਰੋਟੇਕਟਿਵ ਸਰਵਿਸਿਜ਼ ਅਫਸਰ (PSOs), ਪੁਲਿਸ ਕਸਟਡੀ ਅਫਸਰ ਅਤੇ ਮੁਲਾਜ਼ਮ
- ਕੌਂਸਲ ਦੇ ਮੁਲਾਜ਼ਮਾਂ ਅਤੇ ਕੌਂਸਲਰਾਂ ਬਾਰੇ
- ਸਾਂਸਦਾਂ ਅਤੇ ਉਨ੍ਹਾਂ ਦੇ ਮੁਲਾਜ਼ਮਾਂ ਬਾਰੇ
- ਜੱਜਾਂ, ਮਜਿਸਟ੍ਰੇਟਾਂ ਅਤੇ ਹੋਰ ਅਦਾਲਤੀ ਮੈਂਬਰਾਂ ਬਾਰੇ।

ਤੁਸੀਂ ਆਪਣੀਆਂ ਚਿੰਤਾਵਾਂ ਬਾਰੇ ਰਿਪੋਰਟ ਉਸ ਏਜੰਸੀ ਨੂੰ, ਇਸ ਦੇ ਪਬਲਿਕ ਇੰਟਰੈਸਟ ਡਿਸਕਲੋਜ਼ਰ ਕੋਆਰਡੀਨੇਟਰ (ਜਨਹਿੱਤ ਖੁਲਾਸਾ ਕੋਆਰਡੀਨੇਟਰ) ਦੁਆਰਾ, ਸਿੱਧੇ ਤੌਰ 'ਤੇ ਵੀ ਕਰ ਸਕਦੇ ਹੋ ਜੋ ਤੁਹਾਡੀ ਸ਼ਿਕਾਇਤ ਦਾ ਵਿਸ਼ਾ ਹੈ। ਸਰਕਾਰੀ ਖੇਤਰ ਦੀਆਂ ਜ਼ਿਆਦਾਤਰ ਏਜੰਸੀਆਂ ਵਿੱਚ ਕੋਈ ਅਜਿਹਾ ਵਿਅਕਤੀ ਮੌਜੂਦ ਹੁੰਦਾ ਹੈ ਜੋ ਮੁਲਾਜ਼ਮਾਂ ਅਤੇ ਬਰਾਦਰੀ ਦੇ ਮੈਂਬਰਾਂ ਦੀ ਸ਼ਿਕਾਇਤ ਕਰਨ ਵਿੱਚ ਮਦਦ ਕਰਨ ਵਿੱਚ, ਅਤੇ ਮੁਖਬਿਰਾਂ ਦੀ ਸੁਰੱਖਿਆ ਕਰਨ ਵਿੱਚ ਸਮਰਥ ਹੁੰਦਾ ਹੈ।

ਤੁਸੀਂ ਏਜੰਸੀਆਂ ਦੀ ਸੂਚੀ ਲੱਭ ਸਕਦੇ ਹੋ ਜੋ www.ibac.vic.gov.au/PID 'ਤੇ ਖੁਲਾਸੇ ਪ੍ਰਾਪਤ ਕਰਨ ਲਈ ਅਧਿਕਾਰਤ ਹਨ

### 2 ਸਰਕਾਰੀ ਦਫਤਰ ਵਿੱਚ ਦੁਰਾਚਾਰ

ਸਰਕਾਰੀ ਦਫਤਰ ਵਿੱਚ ਦੁਰਾਚਾਰ ਨੂੰ ਵਿਆਪਕ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਕਿਸੇ ਸਰਕਾਰੀ ਖੇਤਰ ਦੇ ਮੁਲਾਜ਼ਮ ਵਲੋਂ ਕੀਤਾ ਅਜਿਹਾ ਵਿਹਾਰ ਹੋ ਸਕਦਾ ਹੈ ਜੋ ਗੈਰਕਾਨੂੰਨੀ ਹੋਵੇ ਜਾਂ ਉਨ੍ਹਾਂ ਦੇ ਫਰਜ ਨੂੰ ਨਿਭਾਉਣ ਜਾਂ ਉਨ੍ਹਾਂ ਨੂੰ ਦਿੱਤੇ ਹੱਕਾਂ ਦੀ ਵਰਤੋਂ ਕਰਨ ਲਈ ਲਾਜ਼ਮੀ ਨੈਤਿਕ ਜਾਂ ਪੇਸ਼ੇਵਰ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦਾ ਹੋਵੇ।

### 3 ਵਿਕਟੋਰੀਆ ਪੁਲਿਸ ਦੇ ਕਰਮਚਾਰੀਆਂ (Victoria Police) ਵਲੋਂ ਕੀਤਾ ਜਾਣ ਵਾਲਾ ਦੁਰਾਚਾਰ

IBAC ਵਿਕਟੋਰੀਆ ਪੁਲਿਸ (Victoria Police) ਦੇ ਕਰਮਚਾਰੀਆਂ ਵਲੋਂ ਕੀਤੇ ਦੁਰਾਚਾਰ ਬਾਰੇ ਸ਼ਿਕਾਇਤਾਂ ਤੇ ਵੀ ਕਾਰਵਾਈ ਕਰਦਾ ਹੈ, ਇਨ੍ਹਾਂ ਕਰਮਚਾਰੀਆਂ ਵਿੱਚ ਸਹੁੰ ਚੁੱਕਣ ਵਾਲੇ ਅਫਸਰ, ਭਰਤੀ ਹੋਰ ਕਰਮਚਾਰੀ, PSOs, ਪੁਲਿਸ ਕਸਟਡੀ ਅਫਸਰ ਅਤੇ ਮੁਲਾਜ਼ਮ ਸ਼ਾਮਲ ਹਨ। ਇਹ ਅਪਮਾਨਜਨਕ ਸਮੱਗਰੀ ਫੈਲਾਉਣਾ, ਸ਼ਰਾਬ ਪੀ ਕੇ ਗੱਡੀ ਚਲਾਉਣਾ, ਲੱਗ ਬੁਕ/ਰਜਿਸਟਰ ਵਿੱਚ ਝੂਠੀਆਂ ਏਨਟ੍ਰੀਜ਼ ਚੜ੍ਹਾਉਣਾ ਜਾਂ ਲੋੜ ਤੋਂ ਵੱਧ ਤਾਕਤ ਦੀ ਵਰਤੋਂ ਕਰਨਾ ਹੋ ਸਕਦਾ ਹੈ।

ਪੁਲਿਸ ਵਲੋਂ ਕੀਤੇ ਦੁਰਾਚਾਰ ਬਾਰੇ ਸ਼ਿਕਾਇਤਾਂ ਵਿਕਟੋਰੀਆ ਪੁਲਿਸ ਦੇ ਪੇਸ਼ਾਵਰ ਮਿਆਰ ਕਮਾਨ (Victoria Police's Professional Standards Command) ਨੂੰ 1300 363 101 ਤੇ ਕੀਤੀਆਂ ਜਾ ਸਕਦੀਆਂ ਹਨ।

### IBAC ਕਿਸ ਬਾਰੇ ਜਾਂਚ-ਪੜਤਾਲ ਨਹੀਂ ਕਰ ਸਕਦਾ ਹੈ

- ਗੈਰ-ਸਰਕਾਰੀ ਖੇਤਰ ਬਾਰੇ।
- ਦੂਜੇ ਰਾਜਾਂ ਅਤੇ ਟੇਰੇਟਰਿਆਂ ਵਿੱਚ ਉੱਠੇ ਮੁੱਦਿਆਂ ਬਾਰੇ।
- ਫੈਡਰਲ ਸਰਕਾਰ ਦੇ ਸਾਂਸਦਾਂ, ਵਿਭਾਗਾਂ ਜਾਂ ਏਜੰਸੀਆਂ ਬਾਰੇ।

## ਤੁਹਾਡੀ ਸੁਰੱਖਿਆ ਕੀਤੀ ਜਾਵੇਗੀ

IBAC ਤੁਹਾਡੀ ਜਾਣਕਾਰੀ ਅਤੇ ਨਿਜੀ ਵੇਰਵੇ ਨੂੰ ਧਿਆਨ ਨਾਲ ਅਤੇ ਗੋਪਨੀਯਤਾ ਨਾਲ ਵਰਤਦਾ ਹੈ। ਜੇ ਤੁਹਾਡੀ ਸ਼ਿਕਾਇਤ ਨੂੰ ਜਨਹਿੱਤ ਖੁਲਾਸਾ ਮੰਨਿਆ ਜਾਂਦਾ ਹੈ:

- ਤੁਹਾਡਾ ਨਾਮ ਅਤੇ ਵਿਅਕਤੀਗਤ ਵੇਰਵੇ ਕਿਸੇ ਨਾਲ ਸਾਂਝੇ ਨਹੀਂ ਕੀਤੇ ਜਾਣਗੇ (ਸਿਰਫ਼ ਉਹਨਾਂ ਏਜੰਸੀਆਂ ਨੂੰ ਛੱਡ ਕੇ ਜਿੰਨ੍ਹਾਂ ਨੂੰ ਤੁਹਾਡੀ ਸ਼ਿਕਾਇਤ ਅੱਗੇ ਭੇਜੀ ਜਾ ਸਕਦੀ ਹੈ)
- ਸ਼ਿਕਾਇਤ ਕਰਨ ਲਈ ਤੁਹਾਨੂੰ ਨੌਕਰੀ ਤੋਂ ਕੱਢਿਆ ਨਹੀਂ ਜਾਏਗਾ, ਤੁਹਾਨੂੰ ਕੋਈ ਦੰਡ ਨਹੀਂ ਦਿੱਤਾ ਜਾਏਗਾ ਜਾਂ ਤੁਹਾਨੂੰ ਧਮਕਾਇਆ ਨਹੀਂ ਜਾਏਗਾ
- ਤੁਹਾਨੂੰ ਮਾਣਹਾਨੀ ਅਤੇ ਸਿਵਲ ਦੇਣਦਾਰੀ ਵਰਗੀਆਂ ਕਨੂੰਨੀ ਕਾਰਵਾਈਆਂ ਤੋਂ ਸੁਰੱਖਿਅਤ ਰੱਖਿਆ ਜਾਵੇਗਾ
- ਤੁਹਾਡੇ ਦੋਸਤਾਂ, ਪਰਿਵਾਰ ਅਤੇ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਵੀ ਸੁਰੱਖਿਆ ਰੱਖਿਆ ਜਾਵੇਗਾ।

ਜੇ ਤੁਹਾਡੀ ਸ਼ਿਕਾਇਤ ਜਨਹਿੱਤ ਖੁਲਾਸਾ ਨਹੀਂ ਹੈ, ਤਾਂ ਤੁਹਾਡੀ ਪਛਾਣ ਗੁਪਤ ਰੱਖੀ ਜਾਣੀ ਲਾਜ਼ਮੀ ਨਹੀਂ ਹੈ, ਪਰ:

- ਸ਼ਿਕਾਇਤ ਕਰਨ ਲਈ ਤੁਹਾਨੂੰ ਨੌਕਰੀ ਤੋਂ ਕੱਢਿਆ ਨਹੀਂ ਜਾਏਗਾ, ਤੁਹਾਨੂੰ ਕੋਈ ਦੰਡ ਨਹੀਂ ਦਿੱਤਾ ਜਾਏਗਾ ਜਾਂ ਤੁਹਾਨੂੰ ਧਮਕਾਇਆ ਨਹੀਂ ਜਾਏਗਾ
- ਤੁਹਾਨੂੰ ਮਾਣਹਾਨੀ ਅਤੇ ਸਿਵਲ ਦੇਣਦਾਰੀ ਵਰਗੀਆਂ ਕਨੂੰਨੀ ਕਾਰਵਾਈਆਂ ਤੋਂ ਸੁਰੱਖਿਅਤ ਰੱਖਿਆ ਜਾਵੇਗਾ।

ਜੇ ਤੁਸੀਂ ਆਪਣੀ ਨਿੱਜਤਾ ਬਾਰੇ ਬਹੁਤ ਜ਼ਿਆਦਾ ਚਿੰਤਤ ਹੋ, ਤਾਂ ਤੁਸੀਂ ਗੁੰਮਨਾਮ ਰੂਪ ਵਿੱਚ ਸ਼ਿਕਾਇਤ ਕਰਨਾ ਚੁਣ ਸਕਦੇ ਹੋ। ਜੇ ਤੁਸੀਂ ਗੁੰਮਨਾਮ ਰੂਪ ਵਿਚ ਸ਼ਿਕਾਇਤ ਕਰਦੇ ਹੋ, ਤਾਂ ਸਾਡੀ ਜਾਂਚ ਸੀਮਤ ਹੋਵੇਗੀ। ਇਹ ਇਸ ਲਈ ਹੈ ਕਿਉਂਕਿ ਅਸੀਂ ਵਧੇਰੇ ਜਾਣਕਾਰੀ ਲਈ ਤੁਹਾਡੇ ਨਾਲ ਸੰਪਰਕ ਨਹੀਂ ਕਰ ਸਕਦੇ, ਜਾਂ ਜੇ ਤੁਸੀਂ ਇਸ ਬਾਰੇ ਅੱਗੇ ਜਾਣਕਾਰੀ ਚਾਹੁੰਦੇ ਹੋ ਤਾਂ ਅਸੀਂ ਇਸ ਸ਼ਿਕਾਇਤ ਬਾਰੇ ਗੱਲਬਾਤ ਨਹੀਂ ਕਰ ਸਕਦੇ।

### ਜਨਹਿੱਤ ਖੁਲਾਸਾ ਕੀ ਹੈ?

ਅਜਿਹਾ ਖੁਲਾਸਾ ਜੋ ਕਿਸੇ ਸਰਕਾਰੀ ਅਧਿਕਾਰੀ ਜਾਂ ਸੰਸਥਾ ਦੁਆਰਾ ਗਲਤ ਵਿਵਹਾਰ (ਉਦਾਹਰਣ ਵਜੋਂ ਭ੍ਰਿਸ਼ਟਾਚਾਰ), ਜਾਂ ਨੁਕਸਾਨਦੇਹ ਕਾਰਵਾਈ ਨੂੰ ਦਰਸਾਉਂਦਾ ਹੈ (ਉਦਾਹਰਣ ਲਈ, ਕਿਸੇ ਨੂੰ ਖੁਲਾਸਾ ਕਰਨ ਕਰਕੇ ਨੌਕਰੀ ਤੋਂ ਕੱਢ ਦੇਣਾ)।

## ਜਦੋਂ ਤੁਸੀਂ ਭ੍ਰਿਸ਼ਟਾਚਾਰ ਅਤੇ ਦੁਰਵਿਵਹਾਰ ਬਾਰੇ IBAC ਨੂੰ ਰਿਪੋਰਟ ਕਰਦੇ ਹੋ ਤਾਂ ਕੀ ਹੋਵੇਗਾ

IBAC ਨਿਰਧਾਰਤ ਕਰਦੀ ਹੈ ਕਿ ਜੋ ਤੁਸੀਂ ਦੱਸਿਆ ਹੈ ਕੀ ਉਹ ਜਨਤਕ ਹਿੱਤਾਂ ਦਾ ਖੁਲਾਸਾ ਹੈ

ਹਾਂ, ਇਹ ਇਕ ਜਨਹਿੱਤ ਖੁਲਾਸਾ ਹੈ।

**ਜਾਂਚ-ਪੜਤਾਲ**

IBAC ਸ਼ਿਕਾਇਤ ਦੀ ਜਾਂਚ-ਪੜਤਾਲ ਕਰ ਸਕਦੀ ਹੈ।

**ਅੱਗੇ ਭੇਜਣਾ (ਰੈਫ਼ਰ)**

IBAC ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਸ਼ਿਕਾਇਤ ਅੱਗੇ ਭੇਜ (ਰੈਫ਼ਰ) ਕਰ ਸਕਦੀ ਹੈ:

ਵਿਕਟੋਰੀਆ ਦੇ ਲੋਕਪਾਲ (ਵਿਕਟੋਰੀਅਨ ਓਮਬਡਸਮੈਨ), ਵਿਕਟੋਰੀਆ ਪੁਲਿਸ (ਜੇ ਕੋਈ ਪੁਲਿਸ ਦੀ ਗੱਲ ਹੈ ਤਾਂ), ਮੁੱਖ ਮਿਉਂਸੀਪਲ ਇੰਸਪੈਕਟਰ, ਸੂਚਨਾ ਕਮਿਸ਼ਨਰ, ਰੇਸਿੰਗ ਇਨਟੈਗ੍ਰਿਟੀ ਕਮਿਸ਼ਨਰ, ਨਿਆਂਇਕ ਕਮਿਸ਼ਨ।

ਉਸ ਵਿਅਕਤੀ ਦੀ ਸਹਿਮਤੀ ਨਾਲ ਜਿਸਨੇ ਸ਼ਿਕਾਇਤ ਕੀਤੀ ਸੀ, ਅਸੀਂ ਇਸ ਸ਼ਿਕਾਇਤ ਨੂੰ ਨਜਿੱਠਣ ਲਈ ਕਿਸੇ ਹੋਰ ਜਨਤਕ ਸੰਸਥਾ ਨੂੰ ਵੀ ਭੇਜ ਸਕਦੇ ਹਾਂ।

**ਅੱਗੇ ਕੋਈ ਕਾਰਵਾਈ ਨਹੀਂ**

ਅਸੀਂ ਕਈ ਕਾਰਨਾਂ ਕਰਕੇ ਸ਼ਿਕਾਇਤ ਨੂੰ ਬੰਦ ਜਾਂ ਖਾਰਜ ਕਰ ਸਕਦੇ ਹਾਂ, ਉਦਾਹਰਣ ਵਜੋਂ ਜੇ ਇਹ:

- ਕੋਲ ਤੱਤ ਜਾਂ ਭਰੋਸੇਯੋਗਤਾ ਦੀ ਘਾਟ ਹੈ
- ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਹੈ ਜਾਂ ਮਾਮੂਲੀ ਹੈ
- ਇਹ ਅਜਿਹੇ ਮਾਮਲੇ ਬਾਰੇ ਹੈ ਜੋ ਨਾ ਤਾਂ IBAC ਨਾ ਹੀ *IBAC ਐਕਟ 2011* ਵਿਚ ਨਿਰਧਾਰਤ ਕੀਤੀ ਕੋਈ ਹੋਰ ਸੰਸਥਾ ਇਸਦੀ ਜਾਂਚ ਕਰ ਸਕਦੀ ਹੈ।

ਨਹੀਂ, ਇਹ ਜਨਹਿੱਤ ਖੁਲਾਸਾ ਨਹੀਂ ਹੈ।

**ਅੱਗੇ ਭੇਜਣਾ (ਰੈਫ਼ਰ)**

IBAC ਇਸ ਖੁਲਾਸੇ ਨੂੰ ਕਿਸੇ ਹੋਰ ਏਜੰਸੀ (ਜਿਵੇਂ ਕਿ ਵਿਕਟੋਰੀਆ ਦੇ ਲੋਕਪਾਲ) ਜਾਂ ਸ਼ਿਕਾਇਤ ਵਿੱਚ ਨਾਮਜ਼ਦ ਸੰਸਥਾ ਨੂੰ ਅੱਗੇ ਭੇਜ ਸਕਦੀ ਹੈ।

ਪੁਲਿਸ ਦੁਰਵਿਵਹਾਰ ਦੇ ਖੁਲਾਸੇ ਪੁਲਿਸ ਦੇ ਮੁੱਖ ਕਮਿਸ਼ਨਰ ਨੂੰ ਭੇਜੇ ਜਾ ਸਕਦੇ ਹਨ।

**ਅੱਗੇ ਕੋਈ ਕਾਰਵਾਈ ਨਹੀਂ**

IBAC ਕੋਈ ਅਗਲੀ ਕਾਰਵਾਈ ਨਹੀਂ ਕਰੇਗੀ।

## ਤੁਸੀਂ ਸੂਚਨਾ ਕਿਵੇਂ ਦਿਓ?

ਸੁਰੱਖਿਅਤ ਆਨਲਾਇਨ ਫਾਰਮ ਭਰੋ www.ibac.vic.gov.au ਜੇਕਰ ਆਨਲਾਇਨ ਫਾਰਮ ਤਕ ਪਹੁੰਚ ਪ੍ਰਾਪਤ ਕਰਨ ਵਿੱਚ ਤੁਹਾਨੂੰ ਕੋਈ ਪਰੇਸ਼ਾਨੀ ਆ ਰਹੀ ਹੈ, ਤਾਂ ਕ੍ਰਿਪਾ ਕਰਕੇ ਸਾਨੂੰ 1300 735 135 'ਤੇ ਫ਼ੋਨ ਕਰੋ।

ਜੇਕਰ ਤੁਹਾਨੂੰ ਤਰਜਮੇ ਸੰਬੰਧੀ ਮਦਦ ਦੀ ਲੋੜ ਹੈ, ਤਾਂ ਤਰਜਮਾ ਅਤੇ ਦੋ ਭਾਸ਼ੀਆ ਸੇਵਾ (Translating and Interpreting Service) ਨੂੰ 13 14 50 'ਤੇ ਫ਼ੋਨ ਕਰੋ ਜਾਂ www.ibac.vic.gov.au/mylanguage ਵੇਖੋ।

### ਤੁਹਾਡੇ ਵੱਲੋਂ IBAC ਨੂੰ ਸੰਪਰਕ ਕਰਨ ਤੋਂ ਪਹਿਲਾਂ

ਤੁਹਾਨੂੰ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਅਸੀਂ ਕਿਹੜੀਆਂ ਸ਼ਿਕਾਇਤਾਂ ਸਵੀਕਾਰ ਕਰਦੇ ਹਾਂ ਅਤੇ ਕਿਹੜੀਆਂ ਨਹੀਂ। ਜੇਕਰ ਤੁਹਾਡੀ ਸ਼ਿਕਾਇਤ ਭ੍ਰਿਸ਼ਟਾਚਾਰ ਜਾਂ ਦੁਰਾਚਾਰ ਬਾਰੇ ਨਹੀਂ ਹੈ, ਤਾਂ ਅਸੀਂ ਤੁਹਾਨੂੰ ਕਿਸੇ ਹੋਰ ਏਜੰਸੀ ਨੂੰ ਰੇਫਰ ਕਰ ਸਕਦੇ ਹਾਂ, ਜਿਵੇਂ ਕਿ ਵਿਕਟੋਰੀਆਈ ਲੋਕਪਾਲ (Victorian Ombudsman)।

ਕ੍ਰਿਪਾ ਕਰਕੇ ਸਾਫ-ਸਾਫ ਦੱਸੋ ਕਿ ਤੁਹਾਡੀ ਸ਼ਿਕਾਇਤ ਕਿਸ ਵਿਅਕਤੀ ਜਾਂ ਸੰਸਥਾ/ਕਿਸ ਵਿਸ਼ੇ ਬਾਰੇ ਹੈ, ਅਤੇ ਜਿਨ੍ਹਾ ਸੰਭਵ ਹੋ ਸਕੇ, ਵੇਰਵਾ ਜਾਂ ਪ੍ਰਮਾਣ ਦਿਓ।

## IBAC ਤੁਹਾਡੀ ਜਾਣਕਾਰੀ ਦਾ ਕੀ ਕਰਦੀ ਹੈ?

ਕਨੂੰਨ ਮੁਤਾਬਕ, IBAC ਸੰਗੀਨ ਜਾਂ ਸੰਸਥਾਤਮਕ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੇ ਆਰੋਪਾਂ ਨੂੰ ਤਰਜੀਹ ਦਿੰਦੀ ਹੈ। ਤੁਹਾਡੀ ਸ਼ਿਕਾਇਤ ਦਾ ਧਿਆਨ ਨਾਲ ਮੁਲਾਂਕਣ ਕਰਨ ਬਾਅਦ, IBAC ਹੇਠਾਂ ਦਿੱਤੇ ਕਦਮ ਚੁੱਕਣ ਦਾ ਫੈਸਲਾ ਲੈ ਸਕਦੀ ਹੈ:

- ਸ਼ਿਕਾਇਤ ਨੂੰ ਰੇਫਰ ਕਰਨਾ
- ਇਸਦੀ ਜਾਂਚ-ਪੜਤਾਲ ਕਰਨੀ
- ਅੱਗੇ ਕੋਈ ਹੋਰ ਕਾਰਵਾਈ ਨਹੀਂ ਕਰਨੀ।

ਸਾਨੂੰ ਸਹੀ ਮਾਮਲਿਆਂ ਨੂੰ ਤਰਜੀਹ ਦੇਣ ਵਿੱਚ ਮਦਦ ਦੇਣ ਲਈ, IBAC ਮੁੱਢਲੀ ਪੜਤਾਲ ਵੀ ਕਰ ਸਕਦੀ ਹੈ ਤਾਂਜੋ ਤੁਹਾਡੇ ਸ਼ਿਕਾਇਤ ਦਾ ਪ੍ਰਬੰਧ ਕਰਨ ਦੇ ਸਾਡੇ ਫੈਸਲੇ ਦਾ ਸਮਰਥਨ ਕੀਤਾ ਜਾ ਸਕੇ।

ਹਾਲਾਂਕਿ ਅਸੀਂ ਮੁੱਢਲੀ ਪੜਤਾਲ ਦੌਰਾਨ ਜਾਂਚ-ਪੜਤਾਲ ਕਰਨ ਦੇ ਸਾਡੇ ਬਹੁਤੇਰੇ ਵਿਆਪਕ ਹੱਕਾਂ ਦੀ ਵਰਤੋਂ ਨਹੀਂ ਕਰ ਸਕਦੇ ਹਾਂ, ਪਰ ਹੋ ਸਕਦਾ ਹੈ ਕਿ ਅਸੀਂ:

- ਕਿਸੇ ਵਿਅਕਤੀ ਤੋਂ ਵਧੇਰੀ ਜਾਣਕਾਰੀ ਦਾ ਬਿਨੈ ਕਰੀਏ
- ਕਿਸੇ ਵਿਅਕਤੀ ਨੂੰ ਦਸਤਾਵੇਜ਼ ਪੇਸ਼ ਕਰਨ ਲਈ ਅਦਾਲਤ ਵਿੱਚ ਹਾਜ਼ਰ ਹੋਣ ਦਾ ਹੁਕਮ ਦਈਏ
- ਗੋਪਨੀਯਤਾ ਨੋਟਿਸ ਜਾਰੀ ਕਰੀਏ।

## ਤੁਹਾਡੀ ਜਾਣਕਾਰੀ ਨਾਲ ਮਦਦ ਮਿਲਦੀ ਹੈ

ਤੁਹਾਡੀ ਸ਼ਿਕਾਇਤ ਦੇ ਨਤੀਜਾ ਚਾਹੇ ਕੁਝ ਵੀ ਹੋਵੇ, ਤੁਹਾਡੇ ਵਲੋਂ ਸਾਨੂੰ ਦਿੱਤੀ ਸੂਚਨਾ ਨਾਲ ਸਾਨੂੰ ਵਿਆਪਕ ਰੁਝਾਨਾਂ ਅਤੇ ਤਰੀਕਿਆਂ ਦੀ ਪਛਾਣ ਕਰਨ ਵਿੱਚ ਮਦਦ ਮਿਲਦੀ ਹੈ। IBAC ਇਸ ਵਿਸ਼ਲੇਸ਼ਣ ਦੀ ਵਰਤੋਂ ਸਰਕਾਰੀ ਖੇਤਰ ਨੂੰ ਉਨ੍ਹਾਂ ਦੇ ਅਭਿਆਸਾਂ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਵਿੱਚ ਮੁਮਕਿਨ ਨਿਰਬਲਤਾ ਬਾਰੇ ਸਚੇਤ ਕਰਨ ਲਈ ਕਰਦੀ ਹੈ।


Level 1, North Tower
459 Collins Street,
Melbourne VIC 3000
GPO Box 24234,
Melbourne, VIC 3001

**ਟੇਲੀਫੋਨ** 1300 735 135
**ਫੈਕਸ** (03) 8635 6444



ਜਨਵਰੀ 2020


IBAC ਵਿਕਟੋਰੀਆ ਦੀ ਭ੍ਰਿਸ਼ਟਾਚਾਰ-ਵਿਰੋਧੀ ਏਜੰਸੀ ਹੈ ਜੋ ਸਰਕਾਰੀ ਖੇਤਰਾਂ ਵਿੱਚ ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਨੂੰ ਰੋਕਣ ਅਤੇ ਇਸਦਾ ਪਰਦਾਫਾਸ਼ ਕਰਨ ਲਈ ਜੁੰਮੇਵਾਰ ਹੈ। ਅਸੀਂ ਹੇਠਾਂ ਦੱਸੇ ਕਦਮ ਚੁੱਕ ਕੇ ਅਜਿਹਾ ਕਰਦੇ ਹਾਂ:

- ਸੰਗੀਨ ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਦੇ ਮਾਮਲਿਆਂ ਦੀ ਜਾਂਚ-ਪੜਤਾਲ ਕਰਕੇ
- ਸਰਕਾਰੀ ਖੇਤਰ, ਪੁਲਿਸ ਅਤੇ ਬਰਾਦਰੀ ਨੂੰ ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਦੇ ਖਤਰਿਆਂ ਅਤੇ ਪ੍ਰਭਾਵਾਂ, ਅਤੇ ਅਜਿਹੇ ਤਰੀਕਿਆਂ ਬਾਰੇ ਦੱਸਕੇ ਜਿਨ੍ਹਾਂ ਦੀ ਵਰਤੋਂ ਨਾਲ ਇਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ।

ਭ੍ਰਿਸ਼ਟਾਚਾਰ ਦੀ ਰਿਪੋਰਟ ਕਰਨ ਲਈ ਹੁਣੇ, **www.ibac.vic.gov.au** 'ਤੇ ਜਾਓ ਜਾਂ **1300 735 135** 'ਤੇ ਫੋਨ ਕਰੋ।

ਜੇਕਰ ਤੁਹਾਨੂੰ ਤਰਜਮੇ ਸੰਬੰਧੀ ਮਦਦ ਦੀ ਲੋੜ ਹੈ, ਤਾਂ ਤਰਜਮਾ ਅਤੇ ਦੋ ਭਾਸ਼ੀਆ ਸੇਵਾ (Translating and Interpreting Service) ਨੂੰ **13 14 50** ਤੇ ਫ਼ੋਨ ਕਰੋ ਜਾਂ **www.ibac.vic.gov.au/mylanguage** ਵੇਖੋ।